੦੩੦

ਸਤਿਗੁਰੂ

(ਲੇਖਕ: ਬਲਵਿੰਦਰ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਪਵਿੱਤਰ ਪੰਨਾ ਸਤਿਗੁਰੂ ਦੀ ਵਡਿਆਈ ਨਾਲ ਸ਼ਿੰਗਾਰਿਆ ਹੋਇਆ ਹੈ। ਗੁਰੂ, ਸੱਚਾ ਗੁਰੂ, ਪੂਰਾ ਗੁਰੂ, ਵੱਡਾ ਗੁਰੂ ਅਤੇ ਸਤਿਗੁਰੂ ਦੀ ਮਹਿਮਾ ਬੜੀ ਹੀ ਸ਼ਰਧਾ ਨਾਲ ਬਿਆਨੀ ਗਈ ਹੈ। ਸਤਿਗੁਰੂ ਦੇ ਹਿਰਦੇ ਅੰਦਰ ਨਾਮ ਦਾ ਵਾਸਾ ਹੈ। ਸਤਿਗੁਰੂ ਨੇ ਸਤਿਪੁਰਖ ਅਕਾਲ ਪੁਰਖ ਨੂੰ ਜਾਣਿਆ ਤੇ ਮਾਣਿਆ ਹੈ। ਚੰਗੇ ਭਾਗਾਂ ਨਾਲ ਜੇ ਗੁਰਸਿੱਖ ਸਤਿਗੁਰੂ ਨਾਲ ਲੱਗ ਜਾਣ ਤਾਂ ਉਹ ਆਪਣਾ ਜੀਵਨ ਸਫ਼ਲ ਕਰ ਕੇ ਪਦਮ ਪਦਵੀ ਨੂੰ ਪ੍ਰਾਪਤ ਕਰ ਲੈਂਦੇ ਹਨ।

- ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ (੨੮੬)

ਸਤਿਗੁਰੂ ਗੁਰਸਿੱਖਾਂ ਦੀ ਪ੍ਰਤਿਪਾਲਣਾ ਕਰਦੇ ਹਨ। ਉਹ ਉਨ੍ਹਾਂ ਨੂੰ ਸੰਸਾਰਿਕ ਭਰਮ-ਭੁਲੇਖਿਆਂ ਦੇ ਝੱਖੜਾਂ ਤੋਂ ਬਚਾ ਕੇ ਉਨ੍ਹਾਂ ਅੰਦਰ ਵਸਦੀ ਜੋਤ ਨੂੰ ਪ੍ਰਕਾਸ਼ਮਾਨ ਕਰ ਦਿੰਦੇ ਹਨ ਅਤੇ ਫਿਰ ਐਸੀ ਕ੍ਰਿਪਾ ਕਰਦੇ ਹਨ ਕਿ ਉਸ ਜੋਤ ਨੂੰ ਸਦੀਵੀ ਕਾਲ ਲਈ ਪ੍ਰਜੂਲਿਤ ਕਰ ਦਿੰਦੇ ਹਨ। ਸਤਿਗੁਰੂ ਜੀ ਸਿੱਖ ਦੇ ਬੰਦਨ ਕੱਟ ਦਿੰਦੇ ਹਨ ਅਤੇ ਗੁਰਸਿੱਖ ਵਿਕਾਰਾਂ ਤੋਂ ਹਟ ਜਾਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਨਾਲ ਰੱਤਿਆ ਹੋਇਆ ਮਨ ਬੰਧਨਾਂ ਵਿੱਚ ਬੱਧਾ ਰਹਿੰਦਾ ਹੈ ਪਰ ਸਤਿਗੁਰੂ ਇਸ ਤੋਂ ਗੁਰਸਿੱਖ ਨੂੰ ਹਟਾ ਕੇ ਹੌਲ੍ਹਾ ਫੁੱਲ ਵਰਗਾ ਅਤੇ ਕੰਚਨ-ਵੰਨਾ ਕਰ ਦਿੰਦੇ ਹਨ।

- ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥ (੨੮੬)

ਸਤਿਗੁਰੂ ਦੇ ਹਿਰਦੇ ਅੰਦਰ ਨਾਮ ਹੈ। ਸਤਿਗੁਰੂ ਨਾਮ ਦਾ ਦਾਤਾ ਹੈ। ਸਤਿਗੁਰੂ ਅਤੇ ਪਾਰਬ੍ਰਹਮ ਵਿੱਚ ਕੋਈ ਭੇਦ ਨਹੀਂ, ਅਕਾਲ ਪੁਰਖ ਦੇ ਸਾਰੇ ਗੁਣ ਸਤਿਗੁਰੂ ਵਿੱਚ ਮੌਜੂਦ ਹਨ। ਸਤਿਗੁਰੂ ਨਾਮ ਦਾ ਰੱਤਿਆ ਹੋਇਆ ਹੈ।

- ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ (੨੮੭)

ਸਤਿਗੁਰੂ ਸਤਿਨਾਮ ਸਰੂਪ ਹੈ ਅਤੇ ਕਰਤਾ ਦੇਵ ਹੈ। ਉਹ ਨਿਰਭਉ ਨਿਰਵੈਰ ਅਤੇ ਅਕਾਲ ਸਰੂਪ ਹੈ। ਸਤਿਗੁਰੂ ਜਨਮ ਮਰਨ ਦੇ ਗੇੜ ਤੋਂ ਰਹਿਤ ਹੈ ਅਤੇ ਸਿੱਖਾਂ ਦਾ ਜਨਮ ਮਰਨ ਨਿਵਾਰ ਦਿੰਦਾ ਹੈ। ਜਨਮ ਮਰਨ ਦਾ ਭੈਅ ਉਤਾਰ ਦਿੰਦਾ ਹੈ। ਇਸ ਲਈ ਸਤਿਗੁਰੂ ਅਜੋਨੀ ਹੈ, ਗੁਰੂ ਕ੍ਰਿਪਾ ਦੁਆਰਾ ਪ੍ਰਗਟ ਹੋਇਆ ਹੈ ਅਤੇ ਸਤਿਗੁਰੂ ਦੀ ਕ੍ਰਿਪਾ ਨਾਲ ਅਕਾਲ ਪੁਰਖ ਵਿੱਚ ਅਭੇਦ ਹੋ ਜਾਈਦਾ ਹੈ।

ਸਤਿਗੁਰੂ ਗੁਰੂ ਨਾਨਕ ਸਾਹਿਬ ਦੇ ਘਰ ਕੇਵਲ ਨਾਮ ਹੈ ਜਿਸ ਨੇ ਪੰਜ ਇੰਦਰੀਆਂ ਅਤੇ ਪੰਜ ਦੂਤਾਂ ਨੂੰ ਵੱਸ ਕਰ ਕੇ ਅਧਿਆਤਮਿਕ ਮੰਡਲ ਵਿੱਚ ਐਸਾ ਸ਼ਿਕਾਰ ਖੇਡਿਆ ਕਿ ਸਭ ਬੇਲੋੜੀਆਂ ਵਸਤਾਂ ਮਰ ਖਪ ਗਈਆਂ ਅਤੇ ਜੀਵਨ ਦੇ ਰਣ ਖੇਤਰ ਵਿੱਚ ਸਾਨੂੰ ਨਾਮ ਦੀ ਪ੍ਰਾਪਤੀ ਹੋਈ ਹੈ।

- ਏਹੁ ਅਹੇਰਾ ਕੀਨੋ ਦਾਨੁ॥ ਨਾਨਕ ਕੈ ਘਰਿ ਕੇਵਲ ਨਾਮੁ॥ (੧੧੩੬)

ਵਿਚਾਰਣ ਯੋਗ ਗੱਲ ਇਹ ਹੈ ਕਿ ਗੁਰੂ ਨਾਨਕ ਦੇ ਘਰ ਕੇਵਲ ਨਾਮ ਹੈ ਹੋਰ ਕੁਝ ਨਹੀਂ। ਸਮਝਣਾ ਇਹੋ ਹੈ ਕਿ ਜੇ ਨਾਮ ਹੈ ਤਾਂ ਸਭੋ ਕੁੱਝ ਹੈ ਪਰ ਜੇ ਨਾਮ ਨਹੀਂ ਤਾਂ ਕੁੱਝ ਵੀ ਨਹੀਂ।

- ਨਾਮ ਬਿਨਾ ਸਭ ਦੁਨੀਆ ਛਾਰੁ॥(੧੧੩੮)

ਅਜੀਬ ਮਨੁੱਖਾ ਸੁਭਾਅ ਹੈ ਕਿ ਗੁਰੂ ਪਾਤਿਸ਼ਾਹ ਕੋਲੋਂ ਨਾਮ ਨੂੰ ਛੱਡ ਕੇ ਉਹ ਸਭ ਕੁੱਝ ਮੰਗਦੇ ਹਾਂ ਜੋ ਖੇਹ ਸਮਾਨ ਹੈ।

ਗੁਰੂ ਦੇ ਚਰਨ ਕਮਲ ਹਿਰਦੇ ਵਿੱਚ ਵਸਾਉਣ ਨਾਲ ਸੁੱਖ-ਸ਼ਾਂਤ, ਸਹਿਜ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਮੂਰਤ ਜੋ ਦਰਅਸਲ ਗੁਰੂ ਸ਼ਬਦ ਹੈ, ਗੁਰਬਾਣੀ ਹੀ ਹੈ ਜਿਸ ਨੂੰ ਜੀਅ ਧਾਰਨ ਦੀ ਲੋੜ ਹੈ। ਗੁਰੂ ਖੇਵਟ ਬਣ ਕੇ ਨਾਮ ਦੇ ਜਹਾਜ਼ ਦੁਆਰਾ ਭਉਜਲ ਤੋਂ ਪਾਰ ਕਰ ਦੇਵੇਗਾ। ਸਤਿਗੁਰੂ ਪਾਂਧਾ ਹੈ, ਗਿਆਨੀ ਹੈ ਅਤੇ ਗਿਆਨ ਦਾ ਦਾਤਾ ਹੈ। ਉਹ ਕਿਲਬਿਖੁ ਨਾਸ ਕਰਣਹਾਰ ਕਰਤਾ ਹੈ ਜੋ ਵਿਕਾਸ ਕਰਕੇ ਮਨ ਵਿਗਾਸ ਕਰਦਾ ਹੈ। ਸਤਿਗੁਰੂ ਆਪਣੀ ਪੂਜਾ ਨਹੀਂ ਕਰਵਾਉਂਦੇ ਸਗੋਂ ਸਿੱਧਿਆਂ ਅਕਾਲ ਪੁਰਖ ਨਾਲ ਮਿਲਾ ਦਿੰਦੇ ਹਨ।

- ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥ (੪੫੦)